# ਟੈਕਸ-ਸਬੰਧਤ ਲਾਭ ਅਤੇ ਕ੍ਰੈਡਟਿ ਪ੍ਰਤੀ ਸਾਲ

| ਭੁਗਤਾਨ | ਕਤਿਨਾ ਕੁ | ਕਦੋਂ | ਇਸ ਵਿੱਚ ਮਦਦ ਕਰਦਾ ਹੈ... |
|---|---|---|---|
| ਕੈਨੇਡਾ ਚਾਈਲਡ ਬੈਨੀਫਟਿ (CCB) | 6 ਸਾਲ ਤੋਂ ਘੱਟ ਉਮਰ ਦੇ ਹਰੇਕ ਬੱਚੇ ਲਈ **$7,997** ਤੱਕ<br>6-17 ਸਾਲ ਦੀ ਉਮਰ ਦੇ ਹਰੇਕ ਬੱਚੇ ਲਈ **$6,748** ਤੱਕ | ਮਹੀਨਾਵਾਰ | 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਦਾ ਹੈ |
| ਮਾਲ ਅਤੇ ਸੇਵਾ ਟੈਕਸ/ਹਾਰਮੋਨਾਈਜ਼ਡ ਸੇਲਜ਼ ਟੈਕਸ (GST/HST) ਕ੍ਰੈਡਟਿ | ਜੇਕਰ ਤੁਸੀ ਕੁਆਰੇ ਹੋ ਤਾਂ **$533** ਤੱਕ ਜੇਕਰ ਤੁਸੀ ਵਿਆਹੇ ਹੋ ਜਾਂ ਤੁਹਾਡਾ ਕੋਈ ਕਾਮਨ-ਲਾਅ ਸਾਥੀ ਹੈ ਤਾਂ **$698** ਤੱਕ ਅਤੇ 19 ਸਾਲ ਤੋਂ ਘੱਟ ਉਮਰ ਦੇ ਤੁਹਾਡੇ ਹਰੇਕ ਬੱਚੇ ਲਈ ਵਾਧੂ **$184** ਤੱਕ | ਜੁਲਾਈ, ਅਕਤੂਬਰ, ਜਨਵਰੀ, ਅਤੇ ਅਪ੍ਰੈਲ | ਉਤਪਾਦਾਂ ਅਤੇ ਸੇਵਾਵਾਂ 'ਤੇ ਅਦਾ ਕੀਤੇ ਗਏ GST ਜਾਂ HST ਦੀ ਲਾਗਤ ਨੂੰ ਪੂਰਾ ਕਰਨ ਵਿੱਚ |
| ਕੈਨੇਡਾ ਵਰਕਰਜ਼ ਬੈਨੀਫਟਿ (CWB) (ਜੇਕਰ ਤੁਸੀ ਡਸਿਏਬਲਿਟੀ ਟੈਕਸ ਕ੍ਰੈਡਟਿ (DTC)* ਲਈ ਯੋਗ ਹੋ ਤਾਂ ਇਸ ਵਿੱਚ ਇੱਕ ਅਪੰਗਤਾ ਸਪਲੀਮੈਂਟ ਸ਼ਾਮਲ ਹੈ) | ਜੇਕਰ ਤੁਸੀ ਕੁਆਰੇ ਹੋ ਤਾਂ **$1,633** ਤੱਕ ਜੇਕਰ ਤੁਸੀ ਵਿਆਹੇ ਹੋ ਜਾਂ ਤੁਹਾਡਾ ਕੋਈ ਕਾਮਨ-ਲਾਅ ਸਾਥੀ ਹੈ ਤਾਂ **$2,813** ਤੱਕ ਅਤੇ ਜੇਕਰ ਤੁਸੀ DTC* ਲਈ ਮਨਜ਼ੂਰ ਹੋ ਤਾਂ ਵਾਧੂ **$843** ਤੱਕ | ਸਾਲਾਨਾ, ਜਦੋਂ ਤੁਸੀ ਆਪਣੇ ਟੈਕਸ ਭਰਦੇ ਹੋ (ਤੁਸੀ ਜੁਲਾਈ, ਅਕਤੂਬਰ, ਅਤੇ ਜਨਵਰੀ ਵਿੱਚ CWB ਦੇ 50% ਤੱਕ ਐਡਵਾਂਸਡ ਕੈਨੇਡਾ ਵਰਕਰਜ਼ ਬੈਨੀਫਟਿ ਭੁਗਤਾਨ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ) | ਘੱਟ ਆਮਦਨ ਕਮਾਉਣ ਵਾਲੇ ਅਤੇ ਕੰਮ ਕਰ ਰਹੇ ਵਿਅਕਤੀਆਂ ਅਤੇ ਪਰਵਿਾਰਾਂ ਲਈ ਕੁਝ ਖਰਚਿਆਂ ਨੂੰ ਪੂਰਾ ਕਰਨ ਵਿੱਚ ਮਦਦ ਕਰਦਾ ਹੈ |
| ਬਾਲ ਅਪੰਗਤਾ ਲਾਭ | ਹਰੇਕ ਬੱਚੇ ਲਈ **$3,411** ਤੱਕ ਜੋ DTC* ਲਈ ਯੋਗ ਹੈ | ਮਹੀਨਾਵਾਰ | 18 ਸਾਲ ਤੋਂ ਘੱਟ ਉਮਰ ਦੇ ਬੱਚੇ ਦੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਦਾ ਹੈ ਜੋ ਕਸਿੇ ਅਪੰਗਤਾ ਨਾਲ ਰਹਿ ਰਹਿਾ ਹੈ ਅਤੇ CCB ਅਤੇ DTC* ਲਈ ਯੋਗ ਹੈ |
| ਸੂਬਾਈ ਅਤੇ ਖੇਤਰੀ ਭੁਗਤਾਨ | ਵੱਖ-ਵੱਖ ਹੁੰਦਾ ਹੈ | ਵੱਖ-ਵੱਖ ਹੁੰਦਾ ਹੈ | ਵਿਅਕਤੀਆਂ ਅਤੇ ਪਰਵਿਾਰਾਂ ਲਈ ਰਹਣਿ-ਸਹਣਿ ਦੇ ਖਰਚੇ ਨੂੰ ਘਟਾਉਂਦਾ ਹੈ |

* DTC ਬਾਰੇ ਵਧੇਰੇ ਜਾਣਕਾਰੀ: **canada.ca/disability-tax-credit**

Canada Revenue Agency
Agence du revenu du Canada
Canada

## ਕੀ ਤੁਸੀਂ ਯੋਗ ਹੋ?

**ਸਾਰੇ ਲਾਭਾਂ ਅਤੇ ਕ੍ਰੈਡਿਟ ਭੁਗਤਾਨਾਂ ਲਈ, ਤੁਹਾਨੂੰ ਹੇਠ ਲਿਖਿਆਂ ਦੀ ਲੋੜ ਹੈ:**

- ਆਮਦਨ ਟੈਕਸ ਦੇ ਉਦੇਸ਼ਾਂ ਲਈ ਕੈਨੇਡਾ ਦਾ ਨਿਵਾਸੀ ਹੋਣਾ
- ਕੈਨੇਡਾ ਵਿੱਚ ਮਹੱਤਵਪੂਰਨ ਸਬੰਧ (ਇੱਕ ਘਰ, ਜੀਵਨ ਸਾਥੀ ਜਾਂ ਕਾਮਨ-ਲਾਅ ਸਾਥੀ, ਜਾਂ ਨਿਰਭਰ ਵਿਅਕਤੀ) ਹੋਣੇ

**ਕੁਝ ਲਾਭਾਂ ਅਤੇ ਕ੍ਰੈਡਿਟ ਭੁਗਤਾਨਾਂ ਲਈ, ਤੁਹਾਨੂੰ ਇੱਕ ਵੈਧ ਇਮੀਗ੍ਰੇਸ਼ਨ ਅਤੇ ਨਾਗਰਿਕਤਾ ਸਥਿਤੀ ਦੀ ਵੀ ਲੋੜ ਹੈ:**

- ਕੈਨੇਡੀਅਨ ਨਾਗਰਿਕ ਜਾਂ ਪੱਕਾ ਨਿਵਾਸੀ
- ਸੁਰੱਖਿਅਤ ਵਿਅਕਤੀ
- ਆਰਜ਼ੀ ਨਿਵਾਸੀ (19ਵੇਂ ਮਹੀਨੇ ਵਿੱਚ ਵੈਧ ਪਰਮਿਟ ਦੇ ਨਾਲ ਪਿਛਲੇ 18 ਮਹੀਨਿਆਂ ਤੋਂ ਕੈਨੇਡਾ ਵਿੱਚ ਰਹਿ ਰਿਹਾ ਹੋਵੇ)
  - ਭੁਗਤਾਨਾਂ ਵਿੱਚ ਰੁਕਾਵਟਾਂ ਤੋਂ ਬਚਣ ਲਈ, ਜੇਕਰ ਤੁਹਾਡਾ ਪਰਮਿਟ ਰੀਨਿਊ ਹੁੰਦਾ ਹੈ ਤਾਂ ਕੈਨੇਡਾ ਰੈਵੇਨਿਊ ਏਜੰਸੀ (CRA) ਨੂੰ ਸੂਚਿਤ ਕਰੋ

## ਆਪਣੇ ਭੁਗਤਾਨ ਜਾਰੀ ਰੱਖੋ

ਹਰ ਸਾਲ **30 ਅਪ੍ਰੈਲ** ਤੱਕ ਆਪਣੇ ਟੈਕਸ ਭਰੋ।

ਆਪਣੇ ਟੈਕਸ ਭਰੋ **ਭਾਵੇਂ ਤੁਹਾਡੀ ਕੋਈ ਆਮਦਨ ਨਾ ਹੋਵੇ ਜਾਂ ਟੈਕਸ-ਮੁਕਤ ਆਮਦਨ ਹੋਵੇ**।

ਵਿਆਹੇ ਜਾਂ ਕਾਮਨ-ਲਾਅ ਸਾਥੀ **ਦੋਵਾਂ** ਨੂੰ ਆਪਣੇ ਟੈਕਸ ਭਰਨ ਦੀ ਲੋੜ ਹੁੰਦੀ ਹੈ।

Quebec ਵਿੱਚ, **ਤੁਹਾਨੂੰ Revenu Québec ਨਾਲ ਇੱਕ ਵੱਖਰਾ ਸੂਬਾਈ ਟੈਕਸ ਰਿਟਰਨ ਫਾਈਲ ਕਰਨ ਦੀ ਲੋੜ ਹੈ**।

ਟੈਕਸਾਂ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰਨ ਲਈ ਇੱਕ ਮੁਫ਼ਤ ਔਨਲਾਈਨ ਲਰਨਿੰਗ ਟੂਲ ਦੇਖੋ: **canada.ca/learn-about-taxes**

ਹੋਰ ਜਾਣਕਾਰੀ ਇੱਥੋਂ ਪ੍ਰਾਪਤ ਕਰੋ: **canada.ca/taxes-get-ready**

## ਹੋਰ ਜਾਣਕਾਰੀ ਪ੍ਰਾਪਤ ਕਰੋ

### ਔਨਲਾਈਨ

ਸਾਨੂੰ ਕਾਲ ਕਰਨ ਤੋਂ ਪਹਿਲਾਂ, Canada.ca ਦੀ ਜਾਂਚ ਕਰਕੇ ਸਮਾਂ ਬਚਾਓ! ਤੁਹਾਨੂੰ ਲੋੜੀਂਦੀ ਜਾਣਕਾਰੀ **canada.ca/benefits-credits-info** ਮਿਲ ਸਕਦੀ ਹੈ

CRA ਪ੍ਰਕਾਸ਼ਨਾਂ ਨੂੰ ਵੱਡੇ ਪ੍ਰਿੰਟ ਅਤੇ ਬ੍ਰੇਲ ਸਮੇਤ ਹੋਰ ਫਾਰਮੈਟਾਂ ਵਿੱਚ ਆਰਡਰ ਕਰਨ ਲਈ, ਇੱਥੇ ਜਾਓ: **canada.ca/cra-multiple-formats**

ਮੁਫ਼ਤ ਟੈਕਸ ਮਦਦ: ਤੁਸੀਂ ਇੱਕ ਵਲੰਟੀਅਰ ਦੁਆਰਾ ਆਪਣਾ ਟੈਕਸ ਰਿਟਰਨ ਮੁਫ਼ਤ ਵਿੱਚ ਫਾਈਲ ਕਰਵਾਉਣ ਦੇ ਯੋਗ ਹੋ ਸਕਦੇ ਹੋ। ਪਤਾ ਲਗਾਓ ਕਿ ਕੀ ਤੁਸੀਂ ਯੋਗ ਹੋ: **canada.ca/get-tax-help**

### ਫ਼ੋਨ ਦੁਆਰਾ

ਲਾਭਾਂ ਬਾਰੇ ਸਵਾਲ:
**1-800-387-1193**

867 ਖੇਤਰ ਕੋਡ ਵਾਲੇ ਇਲਾਕਿਆਂ ਦੇ ਨਿਵਾਸੀ:
**1-866-426-1527**

ਆਮ ਸਵਾਲ ਜਾਂ ਫਾਰਮ ਪ੍ਰਾਪਤ ਕਰਨ ਲਈ:
**1-800-959-8281**

TTY (ਟੈਲੀਟਾਈਪਰ): **1-800-665-0354**

ਕੈਨੇਡਾ ਵੀਡੀਓ ਰੀਲੇਅ ਸਰਵਿਸ (VRS):
**1-800-561-6393**

ਸੋਸ਼ਲ ਇੰਸ਼ੋਰੈਂਸ ਨੰਬਰ (SIN) ਬਾਰੇ ਸਵਾਲ:
**1-866-274-6627** (ਸਰਵਿਸ ਕੈਨੇਡਾ)

Quebec ਵਿੱਚ ਟੈਕਸ ਭਰਨ ਬਾਰੇ ਸਵਾਲ:
**1-800-267-6299** (Revenu Québec)

RC629-213 (PU)